ਪੇਸ਼ ਕਰ ਰਹੇ ਹਾਂ ਇੰਟਰਨੈਸ਼ਨਲ ਸਟੂਡੈਂਟ ਬੈਂਕਿੰਗ ਪੇਸ਼ਕਸ਼

ਕੈਨੇਡਾ ਦੀ ਪੜ੍ਹਾਈ ਦੇ ਪਰਮਿਟ ਦੇ ਦਿਸ਼ਾ-ਨਿਰਦੇਸ਼ਾਂ ਨੂੰ ਪੂਰਾ ਕਰਨ ਦੇ ਆਸਵੰਦ ਅੰਤਰਰਾਸ਼ਟਰੀ ਵਿਦਿਆਰਥੀ ਆਪਣੇ ਗਾਰੰਟੀਡ ਇਨਵੈਸਟਮੈਂਟ ਸਰਟੀਫਿਕੇਟ (GIC)[1] ਵਿੱਚ ਪਹਿਲਾਂ ਤੋਂ ਫੰਡਿੰਗ ਕਰਕੇ ਅਜਿਹਾ ਕਰ ਸਕਦੇ ਹਨ ਜਦੋਂ ਹਾਲੇ ਉਹ ਭਾਰਤ, ਚੀਨ, ਵੀਅਤਨਾਮ ਜਾਂ ਫਿਲੀਪੀਨਜ਼ ਵਿੱਚ ਆਪਣੇ ਘਰ ਵਿੱਚ ਹੀ ਹੁੰਦੇ ਹਨ।

ਦੇਖੋ ਕਿ CIBC ਇੰਟਰਨੈਸ਼ਨਲ ਸਟੂਡੈਂਟ ਬੈਂਕਿੰਗ ਆਫ਼ਰ ਕੈਨੇਡਾ ਵਿੱਚ ਤੁਹਾਡੀ ਨਵੀਂ ਜ਼ਿੰਦਗੀ ਲਈ ਤੁਹਾਨੂੰ ਤਿਆਰ ਕਰਨ ਵਾਸਤੇ ਕਿਵੇਂ ਅਸਾਨੀ ਨਾਲ ਤੁਹਾਡੀ ਮਦਦ ਕਰ ਸਕਦੀ ਹੈ।

CIBC

ਤੁਹਾਡਾ ਭਵਿੱਖ ਇੱਥੋਂ ਸ਼ੁਰੂ ਹੁੰਦਾ ਹੈ

ਕੈਨੇਡਾ ਵਿੱਚ ਸਥਿਤ ਮੁੱਖ ਵਿੱਤੀ ਸੰਸਥਾ ਵਜੋਂ, ਅਸੀਂ ਸਾਡੇ ਗਾਹਕਾਂ ਦੀ ਉਹ ਪ੍ਰਾਪਤ ਕਰਨ, ਜੋ ਉਹਨਾਂ ਲਈ ਅਹਿਮ ਹੈ, ਵਿੱਚ ਮਦਦ ਕਰਨ ਦੇ ਕਾਰੋਬਾਰ ਵਿੱਚ ਹਾਂ। ਵਿਦੇਸ਼ ਵਿੱਚ ਪੜ੍ਹਨ ਦੀ ਤਿਆਰੀ ਕਰਨ ਵਾਲੇ ਇੱਕ ਅੰਤਰਰਾਸ਼ਟਰੀ ਵਿਦਿਆਰਥੀ ਹੋਣ ਦੇ ਨਾਤੇ, ਅਸੀਂ ਜਾਣਦੇ ਹਾਂ ਕਿ ਤੁਹਾਡੇ ਪਹੁੰਚਣ ਤੋਂ ਪਹਿਲਾਂ ਬਹੁਤ ਕੁਝ ਕਰਨ ਨੂੰ ਹੁੰਦਾ ਹੈ, ਅਤੇ ਕੈਨੇਡਾ ਵਿੱਚ ਬੈਂਕਿੰਗ ਵਿਵਸਥਾ ਤੁਹਾਡੇ ਜੱਦੀ ਦੇਸ਼ ਦੀ ਬੈਂਕਿੰਗ ਵਿਵਸਥਾ ਤੋਂ ਕਾਫ਼ੀ ਵੱਖਰੀ ਹੋ ਸਕਦੀ ਹੈ। ਇਹੀ ਕਾਰਨ ਹੈ ਕਿ ਅਸੀਂ **CIBC ਇੰਟਰਨੈਸ਼ਨਲ ਸਟੂਡੈਂਟ ਬੈਂਕਿੰਗ ਆਫ਼ਰ (ISBO)** ਤਿਆਰ ਕੀਤੀ ਹੈ, ਅਤੇ ਇਹੀ ਕਾਰਨ ਹੈ ਕਿ CIBC ਤੁਹਾਡੇ ਸਫਰ ਵਿੱਚ ਰਸਤੇ ਦੇ ਹਰੇਕ ਕਦਮ 'ਤੇ ਤੁਹਾਡੀ ਮਦਦ ਕਰਨ ਲਈ ਮੌਜੂਦ ਹੈ।

ਅੰਦਰ ਕੀ ਹੈ?

ISBO ਦੀ ਐਪਲੀਕੇਸ਼ਨ ਲਈ ਗਾਈਡਬੁੱਕ ਵਿੱਚ ਤੁਹਾਡਾ ਸੁਆਗਤ ਹੈ। ਅੰਦਰ ਤੁਸੀਂ ਕੈਨੇਡਾ ਵਿੱਚ ਆਪਣੀ ਪੜ੍ਹਾਈ ਲਈ ਯੋਜਨਾ ਬਣਾਉਣ ਸਮੇਂ ਸਾਡੇ ISBO ਪ੍ਰੋਗਰਾਮਾਂ ਬਾਰੇ ਵਿਸਤਾਰ ਵਿੱਚ ਜਾਣਕਾਰੀ, ਅਤੇ ਇਸ ਦੇ ਨਾਲ-ਨਾਲ ਆਪਣੀ ਐਪਲੀਕੇਸ਼ਨ ਨੂੰ ਅਸਾਨੀ ਨਾਲ ਔਨਲਾਈਨ ਭਰਨ ਲਈ ਕਦਮ-ਦਰ-ਕਦਮ ਹਦਾਇਤਾਂ ਦੇਖੋਗੇ।

ਆਪਣਾ ਸਟੱਡੀ ਪਰਮਿਟ ਛੇਤੀ ਪ੍ਰਾਪਤ ਕਰੋ 3

CIBC ਇੰਟਰਨੈਸ਼ਨਲ ਸਟੂਡੈਂਟ ਬੈਂਕਿੰਗ ਆਫ਼ਰ (ISBO) 4

ਆਪਣੀ ISBO ਐਪਲੀਕੇਸ਼ਨ ਨੂੰ ਪੂਰਾ ਕਰਨਾ 5

ਸੈਕਸ਼ਨ A: ਪ੍ਰੋਗਰਾਮ ਅਤੇ ਭੁਗਤਾਨ 6

ਸੈਕਸ਼ਨ B: ਵਿਦਿਆਰਥੀ ਬਾਰੇ ਜਾਣਕਾਰੀ 7

ਸੈਕਸ਼ਨ C: ਭੁਗਤਾਨ ਦਾ ਸਾਰ 11

ਆਪਣਾ ਸਟੱਡੀ ਪਰਮਿਟ ਛੇਤੀ ਪ੍ਰਾਪਤ ਕਰੋ

ਕੈਨੇਡਾ ਦੀ ਪੜ੍ਹਾਈ ਦੇ ਪਰਮਿਟ ਦੇ ਦਿਸ਼ਾ-ਨਿਰਦੇਸ਼ਾਂ ਨੂੰ ਪੂਰਾ ਕਰਨ ਦੇ ਆਸਵੰਦ ਅੰਤਰਰਾਸ਼ਟਰੀ ਵਿਦਿਆਰਥੀ ਆਪਣੇ ਗਾਰੰਟੀਡ ਇਨਵੈਸਟਮੈਂਟ ਸਰਟੀਫਿਕੇਟ (GIC)[1] ਵਿੱਚ ਪਹਿਲਾਂ ਤੋਂ ਫੰਡਿੰਗ ਕਰਕੇ ਅਜਿਹਾ ਕਰ ਸਕਦੇ ਹਨ ਜਦੋਂ ਹਾਲੇ ਉਹ ਭਾਰਤ, ਚੀਨ, ਵੀਅਤਨਾਮ ਜਾਂ ਫਿਲੀਪੀਨਜ਼ ਵਿੱਚ ਆਪਣੇ ਘਰ ਵਿੱਚ ਹੀ ਹੁੰਦੇ ਹਨ।

ਕੈਨੈਡਾ ਪਹੁੰਚਣ ਤੋਂ ਪਹਿਲਾਂ ਤੁਸੀਂ:

- ਆਪਣੇ ਸਟੱਡੀ ਪਰਮਿਟ ਦਿਸ਼ਾ-ਨਿਰਦੇਸ਼ਾਂ ਨੂੰ ਪੂਰਾ ਕਰਨ ਲਈ ਅਸਾਨੀ ਨਾਲ GIC[1] ਲੈ ਸਕਦੇ ਹੋ
- ਛੇਤੀ ਨਾਲ ਕੈਨੇਡਾ ਵਿੱਚ ਆਪਣੀ ਰੋਜ਼ਾਨਾ ਬੈਂਕਿੰਗ ਲਈ ਡਿਪਾਜ਼ਿਟ ਅਕਾਊਂਟ[2] ਖੋਲ੍ਹ ਸਕਦੇ ਹੋ
- ਬਗੈਰ ਕਿਸੇ ਸਰਵਿਸ ਫੀਸ[4] ਤੋਂ ਆਪਣੀ ਤਰਜੀਹੀ ਕਰੰਸੀ[3] ਦੀ ਵਰਤੋਂ ਕਰਦਿਆਂ ਕਾਰਜਕੁਸ਼ਲ ਢੰਗ ਨਾਲ ਫੰਡ ਟਰਾਂਸਫਰ ਕਰ ਸਕਦੇ ਹੋ
- ਸਫਰ ਦੇ ਪੁਰਸਕਾਰਾਂ ਅਤੇ ਕੈਸ਼ ਬੈਕ ਕ੍ਰੈਡਿਟ ਕਾਰਡਾਂ[5] ਬਾਰੇ ਜ਼ਿਆਦਾ ਜਾਣਕਾਰੀ ਲੈ ਸਕਦੇ ਹੋ

ਆਪਣੇ ਜੱਦੀ ਦੇਸ਼ ਨੂੰ ਛੱਡਣ ਅਤੇ ਕੈਨੇਡਾ ਆਉਣ ਦੀਆਂ ਯੋਜਨਾਵਾਂ ਬਣਾਉਣ ਵਿੱਚ ਬਹੁਤ ਸਾਰਾ ਕੰਮ ਸ਼ਾਮਲ ਹੁੰਦਾ ਹੈ। CIBC ਵਿਖੇ, ਅਸੀਂ ਤਿਆਰ ਹੋਣ ਵਿੱਚ ਤੁਹਾਡੀ ਮਦਦ ਕਰਨ ਲਈ ਮੌਜੂਦ ਹਾਂ ਤਾਂ ਜੋ ਤੁਸੀਂ ਆਤਮ-ਵਿਸ਼ਵਾਸ ਦੇ ਨਾਲ ਕੈਨੇਡਾ ਆ ਸਕੋ।

mailbox.isbo@cibc.com ‘ਤੇ ਸਾਡੇ ਨਾਲ ਸੰਪਰਕ ਕਰੋ



* ਤੁਹਾਡੀ ਪਹੁੰਚਣ ਦੀ ਸੰਭਾਵੀ ਤਾਰੀਖ਼ ਤੁਹਾਡੀ ISBO ਐਪਲੀਕੇਸ਼ਨ ਜਮਾਂ ਕਰਨ ਦੀ ਤਾਰੀਖ਼ ਦੇ 365 ਦਿਨਾਂ (12 ਮਹੀਨਿਆਂ) ਅੰਦਰ ਹੋਣੀ ਚਾਹੀਦੀ ਹੈ। ਜੇ ਤੁਸੀਂ 365 ਦਿਨਾਂ ਤੋਂ ਬਾਅਦ ਪਹੁੰਚ ਰਹੇ ਹੋ, ਤਾਂ ਕਿਰਪਾ ਕਰਕੇ ਉਡੀਕ ਕਰੋ ਅਤੇ ਉਸ ਸਮੇਂ ਅਪਲਾਈ ਕਰੋ ਜਦੋਂ ਤੁਸੀਂ ਪਹੁੰਚਣ ਦੇ 365 ਦਿਨਾਂ ਦੇ ਸਮੇਂ ਅੰਦਰ ਆ ਜਾਓਗੇ। ਕੋਈ ISBO ਅਰਜ਼ੀ ਜਮਾਂ ਕਰਨ ਵਾਸਤੇ ਤੁਹਾਡੀ ਉਮਰ 15 ਸਾਲ ਜਾਂ ਵੱਧ ਹੋਣੀ ਜ਼ਰੂਰੀ ਹੈ।

CIBC ਇੰਟਰਨੈਸ਼ਨਲ ਸਟੂਡੈਂਟ ਬੈਂਕਿੰਗ ਆਫ਼ਰ (ISBO)

ਇਹ ਪਤਾ ਲਗਾਓ ਕਿ ਸਾਡੇ ISBO ਪ੍ਰੋਗਰਾਮ ਕੈਨੇਡਾ ਵਿੱਚ ਤੁਹਾਡੀ ਨਵੀਂ ਜ਼ਿੰਦਗੀ ਲਈ ਤੁਹਾਨੂੰ ਤਿਆਰ ਕਰਨ ਵਿੱਚ ਕਿਵੇਂ ਮਦਦ ਕਰ ਸਕਦੇ ਹਨ।

ਆਪਣੇ ਕੈਨੇਡਾ ਪਹੁੰਚਣ ਤੋਂ ਪਹਿਲਾਂ ਆਪਣੇ ਗਾਰੰਟੀਡ ਇਨਵੈਸਟਮੈਂਟ ਸਰਟੀਫਿਕੇਟ (GIC)[1] ਲਈ ਪਹਿਲਾਂ ਫੰਡਿੰਗ ਕਰਕੇ ਕੈਨੈਡਾ ਦੇ ਸਟੱਡੀ ਪਰਮਿਟ ਦਿਸ਼ਾ-ਨਿਰਦੇਸ਼ਾਂ ਨੂੰ ਪੂਰਾ ਕਰਨ ਲਈ **CIBC ਸਟੂਡੈਂਟ GIC ਪ੍ਰੋਗਰਾਮ**[1] ਵਰਤੋ।

ਅਜੇ ਭਾਰਤ, ਚੀਨ, ਵੀਅਤਨਾਮ ਜਾਂ ਫਿਲੀਪੀਨਜ਼ ਵਿੱਚ ਆਪਣੇ ਘਰ ਹੋਣ ਸਮੇਂ ਸਕੂਲ ਵਿੱਚ ਪੜ੍ਹਨ ਸਮੇਂ ਆਪਣੀਆਂ ਰੋਜ਼ਾਨਾ ਬੈਂਕਿੰਗ ਲੋੜਾਂ ਲਈ ਨਵੇਂ ਡਿਪਾਜ਼ਟ ਅਕਾਊਂਟ[2] ਨੂੰ ਅਸਾਨੀ ਨਾਲ ਆਨਲਾਈਨ ਖੋਲ੍ਹਣ ਲਈ **CIBC ਸਟੂਡੈਂਟ ਡਿਪਾਜ਼ਿਟ ਪ੍ਰੋਗਰਾਮ**[2] ਵਰਤੋ। ਵਿਦਿਆਰਥੀਆਂ ਲਈ ਤੁਹਾਡਾ ਨਵਾਂ CIBC Smart™ ਅਕਾਊਂਟ ਤੁਹਾਡੇ ਪਹੁੰਚਣ ਤੋਂ ਪਹਿਲਾਂ ਫੰਡਾਂ ਦਾ ਸਬੂਤ ਦਿਖਾ ਸਕਦਾ ਹੈ, ਅਤੇ ਇਹ ਸਫਰ ਕਰਨ ਸਮੇਂ ਜ਼ਿਆਦਾ ਪੈਸੇ ਚੁੱਕਣ ਦੀ ਲੋੜ ਨੂੰ ਵੀ ਘਟਾਉਣ ਵਿੱਚ ਮਦਦ ਕਰੇਗਾ।

CIBC ਸਟੂਡੈਂਟ GIC ਪ੍ਰੋਗਰਾਮ[1]

- CIBC ਸਟੂਡੈਂਟ GIC ਪ੍ਰੋਗਰਾਮ[1] ਵਿੱਚ ਭਰਤੀ ਹੋਣ ਲਈ ਘੱਟੋ-ਘੱਟ $10,000 CAD ($20,000 CAD ਤੱਕ) ਰਾਸ਼ੀ ਜਮਾਂ ਕਰੋ[1]
- ਬਗੈਰ ਕਿਸੇ ਸਰਵਿਸ ਫੀਸ[4] ਤੋਂ ਆਪਣੀ ਤਰਜੀਹੀ ਕਰੰਸੀ[3] ਦੀ ਵਰਤੋਂ ਕਰਦਿਆਂ ਕਾਰਜਕੁਸ਼ਲ ਢੰਗ ਨਾਲ ਫੰਡ ਟਰਾਂਸਫਰ ਕਰੋ
- ਜਦੋਂ ਤੁਸੀਂ ਕੈਨੇਡਾ ਪਹੁੰਚਦੇ ਹੋ ਤਾਂ ਆਪਣੇ ਨਵੇਂ CIBC Smart™ ਅਕਾਊਂਟ ਫਾਰ ਸਟੂਡੈਂਟਸ ਵਿੱਚ $2000 CAD ਤੋਂ $12,000 CAD ਜਮਾਂ ਕਰਵਾਓ
- 12 ਮਹੀਨਿਆਂ ਲਈ ਹਰੇਕ ਮਹੀਨੇ ਆਪਣੇ ਨਿਵੇਸ਼ ਦਾ ਇੱਕ ਹਿੱਸਾ ਪ੍ਰਾਪਤ ਕਰੋ - 8 ਬਰਾਬਰ ਕਿਸ਼ਤਾਂ ਵਿੱਚ ਲਗਭਗ $1,000 CAD
- 12 ਮਹੀਨਿਆਂ ਬਾਅਦ, ਤੁਸੀਂ ਕਮਾਏ ਵਿਆਜ ਨਾਲ ਆਪਣੀ $10,000 CAD ਦਾ ਨਿਵੇਸ਼ ਮੁੜ ਪ੍ਰਾਪਤ ਕਰੋਗੇ

CIBC ਸਟੂਡੈਂਟ ਡਿਪਾਜ਼ਿਟ ਪ੍ਰੋਗਰਾਮ[2]

- ਆਪਣੇ ਕੈਨੇਡਾ ਪਹੁੰਚਣ ਤੋਂ ਪਹਿਲਾਂ ਆਪਣੇ ਨਵੇਂ ਸਟੂਡੈਂਟ ਡਿਪਾਜ਼ਿਟ ਅਕਾਊਂਟ[2] ਵਿੱਚ ਘੱਟੋ ਘੱਟ $1,000 CAD ਤੋਂ ਲੈ ਕੇ $20,000 CAD ਤੱਕ ਟਰਾਂਸਫਰ ਕਰੋ
- ਬਗੈਰ ਕਿਸੇ ਸਰਵਿਸ ਫੀਸ[4] ਤੋਂ ਆਪਣੀ ਤਰਜੀਹੀ ਕਰੰਸੀ[3] ਦੀ ਵਰਤੋਂ ਕਰਦਿਆਂ ਕਾਰਜਕੁਸ਼ਲ ਢੰਗ ਨਾਲ ਆਨਲਾਈਨ ਫੰਡ ਟਰਾਂਸਫਰ ਕਰੋ
- ਕੈਨੇਡਾ ਪਹੁੰਚਣ ‘ਤੇ ਸਾਡੇ ਕਿਸੇ ਇੱਕ CIBC ਬੈਕਿੰਗ ਸੈਂਟਰ ‘ਤੇ ਤੁਰੰਤ ਆਪਣਾ ਅਕਾਊਂਟ ਕਾਰਜਸ਼ੀਲ ਬਣਾਓ
- ਫਾਇਦਿਆਂ ਵਿੱਚ ਕੋਈ ਮਹੀਨੇਵਾਰ ਅਕਾਊਂਟ ਫੀਸ ਦਾ ਨਾ ਹੋਣਾ, ਬਿਨਾ ਕਿਸੇ ਸੀਮਾ ਤੋਂ ਲੈਣ-ਦੇਣ,[6] ਅਤੇ ਮੁਫ਼ਤ ਇੰਟਰੈਕਟ ਈ-ਟਰਾਂਸਫਰ ਸ਼ਾਮਲ ਹਨ
  - ਇੰਟਰੈਕਟ ਈ-ਟਰਾਂਸਫਰਾਂ ਇੱਕ ਬੈਂਕ ਅਕਾਊਂਟ ਤੋਂ ਦੂਜੇ ਅਕਾਊਂਟ ਵਿੱਚ ਸਿੱਧੇ ਭੇਜਣ, ਬੇਨਤੀ ਕਰਨ ਅਤੇ ਪ੍ਰਾਪਤ ਕਰਨ ਦਾ ਸੁਖਾਲਾ ਤਰੀਕਾ ਹੈ[7]
- ਤੁਹਾਡੇ ਅਕਾਊਂਟ ਦੇ ਫਾਇਦੇ ਤੁਹਾਡੀ ਗ੍ਰੈਜੂਏਸ਼ਨ ਤਾਰੀਖ਼ (ਚਾਰ ਸਾਲਾਂ ਤੱਕ) ਅਤੇ ਇਸ ਤੋਂ ਇਲਾਵਾ ਗ੍ਰੈਜੂਏਸ਼ਨ ਤੋਂ ਬਾਅਦ ਵਧੀਕ ਚਾਰ ਮਹੀਨਿਆਂ ਤੱਕ ਚੱਲਦੇ ਹਨ

ਆਪਣੀ ISBO ਐਪਲੀਕੇਸ਼ਨ ਨੂੰ ਪੂਰਾ ਕਰਨਾ

ਤਿੰਨ ਪ੍ਰਮੁੱਖ ਭਾਗਾਂ ਰਾਹੀਂ ਆਪਣੀ ISBO ਐਪਲੀਕੇਸ਼ਨ ਨੂੰ ਆਨਲਾਈਨ ਪੂਰਾ ਕਰੋ:

ਸੈਕਸ਼ਨ A: ਪ੍ਰੋਗਰਾਮ ਅਤੇ ਭੁਗਤਾਨ

ਉਸ ISBO ਪ੍ਰੋਗਰਾਮ ਦੀ ਚੋਣ ਕਰੋ ਜਿਸ ਲਈ ਤੁਸੀਂ ਅਪਲਾਈ ਕਰ ਰਹੇ ਹੋ:

- CIBC ਸਟੂਡੈਂਟ GIC ਪ੍ਰੋਗਰਾਮ[1]; ਜਾਂ
- CIBC ਸਟੂਡੈਂਟ ਡਿਪਾਜ਼ਿਟ ਪ੍ਰੋਗਰਾਮ[2]

ਸੈਕਸ਼ਨ B: ਵਿਦਿਆਰਥੀ ਬਾਰੇ ਜਾਣਕਾਰੀ

- ਆਪਣੀ ਨਿੱਜੀ ਜਾਣਕਾਰੀ ਦਾਖਲ ਕਰੋ

ਸੈਕਸ਼ਨ C: ਭੁਗਤਾਨ ਦਾ ਸਾਰ

- ਆਪਣੇ ਵੇਰਵਿਆਂ ਦੀ ਸਮੀਖਿਆ ਕਰੋ ਅਤੇ ਤਿਆਰ ਹੋਣ 'ਤੇ, ਆਪਣੀ ਐਪਲੀਕੇਸ਼ਨ ਪੂਰੀ ਕਰਨ ਲਈ SUBMIT (ਜਮਾਂ ਕਰੋ) ਬਟਨ 'ਤੇ ਕਲਿੱਕ ਕਰੋ!

ਭਾਵੇਂ ਤੁਸੀਂ ਕੋਈ ਵੀ ਪ੍ਰੋਗਰਾਮ ਚੁਣਦੇ ਹੋ, ਇਹ ਯਕੀਨੀ ਬਣਾਓ ਕਿ ਤੁਹਾਡੇ ਕੋਲ ਆਪਣੀ ਐਪਲੀਕੇਸ਼ਨ ਪੂਰੀ ਕਰਨ ਲਈ ਹੇਠਾਂ ਦਿੱਤੇ ਦਸਤਾਵੇਜ਼ ਤਿਆਰ ਹੋਣ:

- ਤੁਹਾਡਾ ਪਾਸਪੋਰਟ
- ਤੁਹਾਡੀ ਦਾਖਲੇ ਦੀ ਚਿੱਠੀ (pdf ਜਾਂ jpg ਫਾਰਮੇਟ ਵਿੱਚ)
- ਕੈਨੇਡਾ ਵਿੱਚ ਤੁਹਾਡੇ ਸਕੂਲ ਦੇ ਕੈਂਪਸ ਦਾ ਨਾਮ

ਇੱਕ ਵਾਰੀ ਜਮਾਂ ਹੋਣ 'ਤੇ ਤੁਹਾਡੀ ਐਪਲੀਕੇਸ਼ਨ ਦੀ ਪੁਸ਼ਟੀ ਲਈ CIBC ਵੱਲੋਂ ਤੁਹਾਡੇ ਨਾਲ 1 ਕੰਮਕਾਜੀ ਦਿਨ ਅੰਦਰ ਸੰਪਰਕ ਕੀਤਾ ਜਾਵੇਗਾ।

ਆਪਣੀ ਆਨਲਾਈਨ ਐਪਲੀਕੇਸ਼ਨ ਸਬੰਧੀ ਮਦਦ ਦੀ ਲੋੜ ਹੈ?

ਸਾਨੂੰ mailbox.isbo@cibc.com 'ਤੇ ਈਮੇਲ ਕਰੋ

ਸੈਕਸ਼ਨ A: ਪ੍ਰੋਗਰਾਮ ਅਤੇ ਭੁਗਤਾਨ

ਉਸ ISBO ਪ੍ਰੋਗਰਾਮ ਦੀ ਚੋਣ ਕਰੋ ਜਿਸ ਲਈ ਤੁਸੀਂ ਅਪਲਾਈ ਕਰ ਰਹੇ ਹੋ:

- CIBC ਸਟੂਡੈਂਟ GIC ਪ੍ਰੋਗਰਾਮ[1]
- CIBC ਸਟੂਡੈਂਟ ਡਿਪਾਜ਼ਿਟ ਪ੍ਰੋਗਰਾਮ[2]

ਫਿਰ ਉਹ ਰਕਮ ਦਾਖਲ ਕਰੋ ਜੋ ਤੁਸੀਂ ਆਪਣੇ ਨਵੇਂ CIBC ਅਕਾਊਂਟ ਵਿੱਚ ਜਮਾਂ ਕਰਨੀ ਚਾਹੁੰਦੇ ਹੋ:

CIBC ਸਟੂਡੈਂਟ ਡਿਪਾਜ਼ਿਟ ਪ੍ਰੋਗਰਾਮ ਲਈ:

- ਘੱਟੋ-ਘੱਟ ਨਿਵੇਸ਼ ਰਾਸ਼ੀ: $1,000 CAD
- ਵੱਧ ਤੋਂ ਵੱਧ ਨਿਵੇਸ਼ ਰਾਸ਼ੀ: $20,000 CAD
- ਭੁਗਤਾਨ ਵਾਲਾ ਦੇਸ਼ ਚੁਣੋ: ਉਸ ਦੇਸ਼ ਦੀ ਚੋਣ ਕਰੋ ਜਿਸ ਵਿੱਚ ਇਸ ਸਮੇਂ ਤੁਸੀਂ ਰਹਿੰਦੇ ਹੋ ਅਤੇ ਜਿੱਥੋਂ ਦਾ ਤੁਹਾਡੇ ਕੋਲ ਪਾਸਪੋਰਟ ਹੈ (ਜਿਵੇਂ ਕਿ ਭਾਰਤ, ਚੀਨ, ਵੀਅਤਨਾਮ ਜਾਂ ਫਿਲੀਪੀਨਜ਼)
- ਭੁਗਤਾਨ ਕਰੰਸੀ ਦੀ ਚੋਣ ਕਰੋ[3]: ਉਸ ਕਰੰਸੀ ਦੀ ਚੋਣ ਕਰੋ ਜਿਸ ਨੂੰ ਤੁਸੀਂ ਅੰਤਰਰਾਸ਼ਟਰੀ ਵਾਇਰ ਟਰਾਂਸਫਰ ਲਈ ਵਰਤਣਾ ਚਾਹੋਗੇ
- ਜੇ ਤੁਹਾਡੀ ਤਰਜੀਹੀ ਕਰੰਸੀ[3] ਡਰੌਪਡਾਊਨ ਵਿੱਚ ਨਹੀਂ ਹੈ ਤਾਂ ਤੁਸੀਂ ਕੈਨੇਡੀਅਨ ਡਾਲਰਾਂ ਵਿੱਚ ਭੁਗਤਾਨ ਕਰਨ ਦੀ ਚੋਣ ਕਰ ਸਕਦੇ ਹੋ

CIBC ਸਟੂਡੈਂਟ GIC ਪ੍ਰੋਗਰਾਮ ਲਈ:

- ਘੱਟੋ-ਘੱਟ ਨਿਵੇਸ਼ ਰਾਸ਼ੀ: $10,000 CAD
- ਵੱਧ ਤੋਂ ਵੱਧ ਨਿਵੇਸ਼ ਰਾਸ਼ੀ: $20,000 CAD
- ਭੁਗਤਾਨ ਵਾਲਾ ਦੇਸ਼ ਚੁਣੋ: ਉਸ ਦੇਸ਼ ਦੀ ਚੋਣ ਕਰੋ ਜਿਸ ਵਿੱਚ ਇਸ ਸਮੇਂ ਤੁਸੀਂ ਰਹਿੰਦੇ ਹੋ ਅਤੇ ਜਿੱਥੋਂ ਦਾ ਤੁਹਾਡੇ ਕੋਲ ਪਾਸਪੋਰਟ ਹੈ (ਜਿਵੇਂ ਕਿ ਭਾਰਤ, ਚੀਨ, ਵੀਅਤਨਾਮ ਜਾਂ ਫਿਲੀਪੀਨਜ਼)
- ਭੁਗਤਾਨ ਕਰੰਸੀ ਦੀ ਚੋਣ ਕਰੋ[3]: ਉਸ ਕਰੰਸੀ ਦੀ ਚੋਣ ਕਰੋ ਜਿਸ ਨੂੰ ਤੁਸੀਂ ਅੰਤਰਰਾਸ਼ਟਰੀ ਵਾਇਰ ਟਰਾਂਸਫਰ ਲਈ ਵਰਤਣਾ ਚਾਹੋਗੇ
- ਜੇ ਤੁਹਾਡੀ ਤਰਜੀਹੀ ਕਰੰਸੀ[3] ਡਰੌਪਡਾਊਨ ਵਿੱਚ ਨਹੀਂ ਹੈ ਤਾਂ ਤੁਸੀਂ ਕੈਨੇਡੀਅਨ ਡਾਲਰਾਂ ਵਿੱਚ ਭੁਗਤਾਨ ਕਰਨ ਦੀ ਚੋਣ ਕਰ ਸਕਦੇ ਹੋ

ਅਸੀਂ ਜਾਣਦੇ ਹਾਂ ਕਿ ਤੁਸੀਂ ਆਪਣੇ ਭਵਿੱਖ ਲਈ ਸਖਤ ਮਿਹਨਤ ਕਰ ਰਹੇ ਹੋ, ਇਹੀ ਕਾਰਨ ਹੈ ਕਿ ਅਸੀਂ ਅਜਿਹੇ ਬੈਂਕਿੰਗ ਸਬੰਧਿਤ ਹੱਲ ਤਿਆਰ ਕਰਦੇ ਹਾਂ ਜੋ ਤੁਹਾਡੇ ਕੰਮ ਆਉਂਦੇ ਹਨ।

ਸੈਕਸ਼ਨ B: ਵਿਦਿਆਰਥੀ ਬਾਰੇ ਜਾਣਕਾਰੀ

1	**ਟਾਈਟਲ**	ਡਰੌਪਡਾਊਨ ਤੋਂ ਆਪਣੇ ਟਾਈਟਲ ਦੀ ਚੋਣ ਕਰੋ
2	**ਕਾਨੂੰਨੀ ਨਾਮ**	ਆਪਣਾ ਕਾਨੂੰਨੀ ਮੂਹਰਲਾ, ਵਿਚਕਾਰਲਾ ਅਤੇ ਪਿਛਲਾ ਨਾਮ ਦਰਜ ਕਰੋ ਜਿਵੇਂ ਇਹ ਤੁਹਾਡੇ ਪਾਸਪੋਰਟ 'ਤੇ ਦਿਖਾਈ ਦਿੰਦਾ ਹੈ। ਇਹ ਮਹੱਤਵਪੂਰਨ ਹੈ ਕਿਉਂਕਿ ਇਹ ਤੁਹਾਡੇ CIBC ਬੈਂਕ ਅਕਾਊਂਟ ਨਾਲ ਜੁੜਿਆ ਨਾਮ ਹੋਵੇਗਾ। ਕਿਰਪਾ ਕਰਕੇ ਧਿਆਨ ਦਿਓ - ਇਹਨਾਂ ਖਾਨਿਆਂ ਵਿੱਚ ਖਾਸ ਵਰਣਾਂ ਦੀ ਇਜਾਜ਼ਤ ਨਹੀਂ ਹੈ
3	**ਨਾਮ**	ਆਪਣੇ ਜੱਦੀ ਦੇਸ਼ ਦੀ ਭਾਸ਼ਾ ਵਿੱਚ ਆਪਣਾ ਪਹਿਲਾ ਨਾਮ ਅਤੇ ਆਖਰੀ ਨਾਮ ਦਰਜ ਕਰੋ (ਇਹ ਵਿਕਲਪਿਕ ਖਾਨਾ ਹੈ ਜੋ ਤੁਹਾਨੂੰ ਆਪਣੇ ਜੱਦੀ ਦੇਸ਼ ਵਿੱਚ ਤੁਹਾਡੇ ਵੱਲੋਂ ਵਰਤੇ ਜਾਂਦੇ ਵਿਕਲਪਿਕ ਨਾਮ ਨੂੰ ਸ਼ਾਮਲ ਕਰਨ ਦੀ ਖੁੱਲ੍ਹ ਦਿੰਦਾ ਹੈ)
4	**ਸਕੂਲ ਦਾ ਨਾਮ ਅਤੇ ਕੈਂਪਸ**	ਉਸ ਸਕੂਲ ਦੇ ਨਾਮ ਦੀ ਚੋਣ ਕਰੋ ਜਿਸ ਲਈ ਤੁਹਾਨੂੰ ਕੈਨੇਡਾ ਵਿੱਚ ਸਵੀਕਾਰ ਕੀਤਾ ਗਿਆ ਹੈ। ਕਿਰਪਾ ਕਰਕੇ ਆਪਣੇ ਸਕੂਲ ਦੇ ਕੈਂਪਸ ਦੀ ਵੀ ਚੋਣ ਕਰੋ, ਕਿਉਂਕਿ ਇਹ ਤੁਹਾਡੇ ਸਭ ਤੋਂ ਨਜ਼ਦੀਕੀ CIBC ਬੈਂਕਿੰਗ ਸੈਂਟਰ ਦੀ ਪਹਿਚਾਣ ਕਰਨ ਲਈ ਸਾਡੀ ਮਦਦ ਕਰੇਗਾ
5	**ਪਹੁੰਚਣ ਦੀ ਅਨੁਮਾਨਤ ਮਿਤੀ**	ਇਹ ਉਹ ਤਾਰੀਖ਼ ਹੈ ਜਦੋਂ ਤੁਹਾਡੇ ਕੈਨੇਡਾ ਪਹੁੰਚਣ ਦੀ ਆਸ ਹੈ। ਇਹ ਤਾਰੀਖ ਤੁਹਾਡੀ ਐਪਲੀਕੇਸ਼ਨ ਜਮਾਂ ਕਰਵਾਉਣ ਦੀ ਤਾਰੀਖ਼ ਦੇ 365 (12 ਮਹੀਨਿਆਂ) ਦੇ ਅੰਦਰ ਹੋਣੀ ਚਾਹੀਦੀ ਹੈ। ਜੇ ਤੁਸੀਂ 365 ਦਿਨਾਂ ਤੋਂ ਬਾਅਦ ਪਹੁੰਚ ਰਹੇ ਹੋ, ਤਾਂ ਕਿਰਪਾ ਕਰਕੇ ਉਡੀਕ ਕਰੋ ਅਤੇ ਉਸ ਸਮੇਂ ਅਪਲਾਈ ਕਰੋ ਜਦੋਂ ਤੁਸੀਂ ਕੈਨੇਡਾ ਪਹੁੰਚਣ ਦੇ 365 ਦਿਨਾਂ ਦੇ ਸਮੇਂ ਅੰਦਰ ਆ ਜਾਂਦੇ ਹੋ
6	**ਗ੍ਰੈਜੂਏਸ਼ਨ ਦੀ ਅਨੁਮਾਨਤ ਮਿਤੀ**	ਇਹ ਉਹ ਤਾਰੀਖ਼ ਹੈ ਜਦੋਂ ਤੁਹਾਡੇ ਤੋਂ ਉਸ ਪ੍ਰੋਗਰਾਮ ਨੂੰ ਪਾਸ ਕਰਨ ਦੀ ਆਸ ਕੀਤੀ ਜਾਂਦੀ ਹੈ ਜਿਸ ਲਈ ਤੁਹਾਨੂੰ ਭਰਤੀ ਕੀਤਾ ਜਾਂਦਾ ਹੈ
7	**ਅਕਾਊਂਟ ਦੀ ਉਦੇਸ਼ਤ ਵਰਤੋਂ**	ਬੈਂਕ ਹੋਣ ਦੇ ਨਾਤੇ, ਕਾਨੂੰਨ ਦੁਆਰਾ ਸਾਡੇ ਲਈ ਜ਼ਰੂਰੀ ਹੈ ਕਿ ਅਸੀਂ ਬੈਂਕ ਅਕਾਊਂਟ, ਜਿਸ ਲਈ ਉਹ ਅਪਲਾਈ ਕਰ ਰਹੇ ਹੁੰਦੇ ਹਨ, ਦੀ ਉਦੇਸ਼ਤ ਵਰਤੋਂ ਬਾਰੇ ਗਾਹਕਾਂ ਤੋਂ ਪੁੱਛੀਏ। ਇਸ ਜਾਣਕਾਰੀ ਨੂੰ ਕਿਸੇ ਵੀ ਹੋਰ ਉਦੇਸ਼ ਲਈ ਨਹੀਂ ਵਰਤਿਆ ਜਾਵੇਗਾ। ਕਿਰਪਾ ਕਰਕੇ ਢੁਕਵੇਂ ਵਿਕਲਪ ਦੀ ਚੋਣ ਕਰੋ ਜੋ ਤੁਹਾਡੇ ਅਕਾਊਂਟ ਦੀ ਉਦੇਸ਼ਤ ਵਰਤੋਂ ਬਾਰੇ ਦੱਸਦਾ ਹੈ
8	**ਕਿੱਤੇ ਦੀ ਸ਼੍ਰੇਣੀ / ਕਿੱਤੇ ਦਾ ਵਿਵਰਣ / ਵਿਸਥਾਰਤ ਵਿਵਰਣ**	ਇਹ ਪ੍ਰਸ਼ਨ ਤੁਹਾਡੇ ਤੋਂ ਇਹ ਪਹਿਚਾਣ ਕਰਨ ਬਾਰੇ ਪੁੱਛਦਾ ਹੈ ਕਿ ਤੁਸੀਂ ਆਪਣੇ ਜੱਦੀ ਦੇਸ਼ ਵਿੱਚ ਇਸ ਸਮੇਂ ਕੀ ਕਰ ਰਹੇ ਹੋ। ਕਿਰਪਾ ਕਰਕੇ "ਵਿਦਿਆਰਥੀ" ਚੁਣੋ। ਬੈਂਕ ਹੋਣ ਦੇ ਨਾਤੇ, ਕਾਨੂੰਨ ਦੁਆਰਾ ਸਾਡੇ ਲਈ ਇਹ ਜ਼ਰੂਰੀ ਹੈ ਕਿ ਅਸੀਂ ਗਾਹਕਾਂ ਤੋਂ ਉਸ ਸਮੇਂ ਇਸ ਜਾਣਕਾਰੀ ਬਾਰੇ ਪੁੱਛੀਏ ਜਦੋਂ ਉਹ ਨਵੇਂ ਅਕਾਊਂਟ ਲਈ ਅਪਲਾਈ ਕਰ ਰਹੇ ਹੁੰਦੇ ਹਨ। ਇਸ ਜਾਣਕਾਰੀ ਨੂੰ ਕਿਸੇ ਵੀ ਹੋਰ ਉਦੇਸ਼ ਲਈ ਨਹੀਂ ਵਰਤਿਆ ਜਾਵੇਗਾ
9	**ਕੀ ਇਹ ਅਕਾਊਂਟ ਤੀਜੀ ਧਿਰ ਦੇ ਫਾਇਦੇ ਲਈ ਹੈ?**	ਇਹ ਪ੍ਰਸ਼ਨ ਤੁਹਾਨੂੰ ਇਸ ਬਾਰੇ ਪੁਸ਼ਟੀ ਕਰਨ ਲਈ ਕਹਿੰਦਾ ਹੈ ਕਿ ਤੁਹਾਡੇ CIBC ਅਕਾਊਂਟ ਦੀ ਵਰਤੋਂ ਸਿਰਫ ਤੁਹਾਡੇ ਵੱਲੋਂ ਕੀਤੀ ਜਾਵੇਗੀ ਅਤੇ ਕਿਸੇ ਹੋਰ ਵੱਲੋਂ ਨਹੀਂ a) ਜੇ ਅਕਾਊਂਟ ਸਿਰਫ ਤੁਹਾਡੇ ਵੱਲੋਂ ਵਰਤਿਆ ਜਾਵੇਗਾ ਤਾਂ "No (ਨਹੀਂ)" ਚੁਣੋ b) ਜੇ ਅਕਾਊਂਟ ਕਿਸੇ ਹੋਰ ਵੱਲੋਂ ਵਰਤਿਆ ਜਾਵੇਗਾ ਤਾਂ "Yes (ਹਾਂ)" ਚੁਣੋ ਕਾਨੂੰਨ ਦੁਆਰਾ ਸਾਡੇ ਲਈ ਇਹ ਜ਼ਰੂਰੀ ਹੈ ਕਿ ਅਸੀਂ ਗਾਹਕਾਂ ਤੋਂ ਉਸ ਸਮੇਂ ਇਸ ਜਾਣਕਾਰੀ ਬਾਰੇ ਪੁੱਛੀਏ ਜਦੋਂ ਉਹ ਨਵੇਂ ਅਕਾਊਂਟ ਲਈ ਅਪਲਾਈ ਕਰ ਦੇ ਰਹੇ ਹੁੰਦੇ ਹਨ। ਇਸ ਜਾਣਕਾਰੀ ਨੂੰ ਕਿਸੇ ਵੀ ਹੋਰ ਉਦੇਸ਼ ਲਈ ਨਹੀਂ ਵਰਤਿਆ ਜਾਵੇਗਾ
10	**ਦਾਖਲੇ ਲਈ ਐਪਲੀਕੇਸ਼ਨ**	ਕਿਰਪਾ ਕਰਕੇ ਸਵੀਕਾਰਤਾ/ ਦਾਖਲੇ ਦੀ ਚਿੱਠੀ ਅਪਲੋਡ ਕਰੋ ਜੋ ਤੁਸੀਂ ਉਸ ਕੈਨੇਡੀਅਨ ਸਕੂਲ ਤੋਂ ਪ੍ਰਾਪਤ ਕੀਤੀ ਸੀ ਜਿਸ ਵਿੱਚ ਤੁਸੀਂ ਜਾਉਗੇ। ਇਸ ਦਸਤਾਵੇਜ਼ 'ਤੇ ਤੁਹਾਡਾ ਕਾਨੂੰਨੀ ਨਾਮ ਹੋਣਾ ਬਹੁਤ ਮਹੱਤਵਪੂਰਨ ਹੈ। ਇਸ ਨੂੰ pdf ਜਾਂ jpg ਫਾਰਮੇਟ ਵਿੱਚ ਵੱਧ ਤੋਂ ਵੱਧ 5MB ਤੱਕ ਦਾ, ਅਪਲੋਡ ਕੀਤਾ ਜਾ ਸਕਦਾ ਹੈ

ਸਿਰਫ ਚੋਣਵੇਂ ਦੇਸ਼ਾਂ ਲਈ

1. ਤੁਸੀਂ ਉਹ ਫੰਡ ਕਿੱਥੋਂ ਪ੍ਰਾਪਤ ਕੀਤੇ ਸੀ ਜੋ ਤੁਸੀਂ ਆਪਣੇ CIBC ਅਕਾਊਂਟ ਲਈ ਵਾਇਰ ਟਰਾਂਸਫਰ (ਜਮਾਂ) ਕਰਵਾਉਗੇ? ਡਰੌਪਡਾਊਨ ਤੋਂ ਉਸ ਵਿਕਲਪ ਦੀ ਚੋਣ ਕਰੋ ਜੋ ਤੁਹਾਡੇ ਲਈ ਸਭ ਤੋਂ ਵੱਧ ਢੁਕਵਾਂ ਹੈ

2. ਜੇ ਤੁਸੀਂ "Family Member (ਪਰਿਵਾਰਕ ਮੈਂਬਰ)" ਦੀ ਚੋਣ ਕਰਦੇ ਹੋ, ਤਾਂ ਕਿਰਪਾ ਕਰਕੇ ਅੱਗੇ ਦਿੱਤੇ ਦੋ ਖਾਨਿਆਂ ਵਿੱਚ ਆਪਣੇ ਪਰਿਵਾਰਕ ਮੈਂਬਰ ਦੇ ਕਿੱਤੇ ਦੇ ਵੇਰਵੇ ਦਰਜ ਕਰੋ: "Occupation Category (ਵਿਵਸਾਇ ਦੀ ਸ਼੍ਰੇਣੀ)" ਅਤੇ "Occupation Description (ਵਿਵਸਾਇ ਦਾ ਵਿਵਰਣ)"

3. "Company Name (ਕੰਪਨੀ ਦਾ ਨਾਮ)" ਅਤੇ "Scholarship Provider (ਵਜੀਫਾ ਦੇਣ ਵਾਲਾ)" ਵਾਲੇ ਭਾਗ ਇਸ ਬਾਰੇ ਤੁਹਾਨੂੰ ਵਧੀਕ ਜਾਣਕਾਰੀ ਦਰਜ ਕਰਨ ਦਿੰਦੇ ਹਨ ਕਿ ਤੁਸੀਂ ਆਪਣੇ ਨਵੇਂ CIBC ਅਕਾਊਂਟ ਲਈ ਕਿਵੇਂ ਫੰਡਿੰਗ ਕਰ ਰਹੇ ਹੋ (ਜੇ ਲਾਗੂ ਹੁੰਦਾ ਹੈ)
   - ਜੇ ਤੁਸੀਂ ਪ੍ਰਸ਼ਨ #1 ਤੋਂ "Personal Employee (ਨਿੱਜੀ ਕਰਮਚਾਰੀ)" ਜਾਂ "Family Member (ਪਰਿਵਾਰਕ ਮੈਂਬਰ)" ਦੀ ਚੋਣ ਕੀਤੀ ਸੀ, ਤਾਂ ਪ੍ਰਸ਼ਨ #1 ਤੋਂ ਖੇਤਰ ਵਿੱਚ ਉਹ ਨਾਮ ਦਰਜ ਕਰੋ ਜੋ ਤੁਸੀਂ ਦਿੱਤਾ ਸੀ ਫੇਰ ਉਸ ਕੰਪਨੀ ਦਾ ਨਾਮ ਜਿਸ ਵਿੱਚ ਤੁਸੀਂ ਜਾਂ ਤੁਹਾਡਾ ਪਰਿਵਾਰਕ ਮੈਂਬਰ ਕੰਮ ਕਰਦੇ ਹੋ
   - ਜੇ ਤੁਸੀਂ "Scholarship (ਵਜੀਫਾ)" ਦੀ ਚੋਣ ਕੀਤੀ ਸੀ, ਤਾਂ ਕਿਰਪਾ ਕਰਕੇ ਤੁਹਾਡੇ ਵਜੀਫੇ ਲਈ ਫੰਡ ਦੇਣ ਵਾਲੀ ਐਸੋਸੀਏਸ਼ਨ ਦਾ ਨਾਮ ਦਰਜ ਕਰੋ

4. ਤੁਹਾਡੇ ਸਕੂਲ ਦੇ ਪਹਿਲੇ ਸਾਲ ਦੌਰਾਨ, ਕਿੰਨੀਆਂ ਵਾਇਰ ਟਰਾਂਸਫਰ (ਡਿਪਾਜ਼ਿਟ) ਤੁਹਾਨੂੰ ਪ੍ਰਾਪਤ ਹੋਣ ਦੀ ਆਸ ਹੈ (ਜਿਸ ਵਿੱਚ ਤੁਹਾਡਾ ਨਵਾਂ ਅਕਾਊਂਟ ਖੋਲ੍ਹਣ ਲਈ ਪਹਿਲਾ ਵਾਇਰ ਵੀ ਸ਼ਾਮਲ ਹੈ)?

5. ਸਾਰੇ ਵਾਇਰ ਟਰਾਂਸਫਰਾਂ (ਡਿਪਾਜ਼ਿਟਾਂ) ਤੋਂ ਤੁਹਾਨੂੰ ਕੁੱਲ ਕਿੰਨੀ ਕੀਮਤ (ਰਾਸ਼ੀ) ਮਿਲਣ ਦੀ ਆਸ ਹੈ? ਇਹ ਪ੍ਰਸ਼ਨ ਉੱਪਰ #4 ਨਾਲ ਸਬੰਧਤ ਹੈ — ਆਪਣੀਆਂ ਕੁੱਲ ਸੰਭਾਵੀ ਵਾਇਰ ਟਰਾਂਸਫਰ (ਡਿਪਾਜ਼ਿਟ) ਦੇ ਇਕੱਠੇ ਮੁੱਲਾਂ ਨੂੰ ਜਮਾਂ ਕਰੋ ਅਤੇ ਇੱਥੇ ਕੁੱਲ (ਰਾਸ਼ੀ) ਸ਼ਾਮਲ ਕਰੋ

6. ਤੁਸੀਂ ਆਪਣੇ CIBC ਅਕਾਊਂਟ ਦੀ ਵਰਤੋਂ ਕਿਸ ਲਈ ਕਰੋਗੇ? ਕਿਰਪਾ ਕਰਕੇ ਢੁਕਵੇਂ ਵਿਕਲਪ ਦੀ ਚੋਣ ਕਰੋ ਜੋ ਤੁਹਾਡੇ ਅਕਾਊਂਟ ਦੀ ਉਦੇਸ਼ਤ ਵਰਤੋਂ ਬਾਰੇ ਦੱਸਦਾ ਹੈ

ਸੰਪਰਕ ਵੇਰਵੇ

1	**ਪਤਾ**	ਤੁਸੀਂ ਹੁਣ ਜਿੱਥੇ ਰਹਿੰਦੇ ਹੋ ਉਸ ਦੇ ਵੇਰਵੇ ਦਰਜ ਕਰੋ (ਜਿਵੇਂ ਕਿ ਭਾਰਤ, ਚੀਨ, ਵੀਅਤਨਾਮ ਜਾਂ ਫਿਲੀਪੀਨਜ਼) ਜਿਸ ਵਿੱਚ ਗਲੀ ਨੰਬਰ, ਗਲੀ ਦਾ ਨਾਮ, ਰਾਜ / ਸੂਬਾ, ਅਤੇ ZIP/ਪੋਸਟਲ ਕੋਡ ਸ਼ਾਮਲ ਹੁੰਦਾ ਹੈ। ਜੇ ਰਿਹਾਇਸ਼ ਦਾ ਮੌਜੂਦਾ ZIP/ਪੋਸਟਲ ਤੁਹਾਡੇ ਲਈ ਲਾਗੂ ਨਹੀਂ ਹੁੰਦਾ, ਤਾਂ ਕਿਰਪਾ ਕਰਕੇ N/A (ਲਾਗੂ ਨਹੀਂ ਹੁੰਦਾ) ਦਰਜ ਕਰੋ
2	**ਫੋਨ ਨੰਬਰ**	ਆਪਣਾ ਮੌਜੂਦਾ ਫ਼ੋਨ ਨੰਬਰ ਦਾਖਲ ਕਰੋ। ਕਿਰਪਾ ਕਰਕੇ ਇਲਾਕੇ ਦਾ ਕੋਡ ਸ਼ਾਮਲ ਕਰੋ
3	**ਰਜਿਸਟਰਡ ਈਮੇਲ ਪਤਾ**	ਆਪਣਾ ਈਮੇਲ ਪਤਾ ਦਾਖਲ ਕਰੋ। ਇਹ ਉਹ ਈਮੇਲ ਹੈ ਜਿਸ ਦੀ ਵਰਤੋਂ CIBC ਤੁਹਾਡੇ ਨਾਲ ਸੰਪਰਕ ਕਰਨ ਲਈ ਕਰੇਗਾ। ਇਹ ਉਹ ਈਮੇਲ ਪਤਾ ਹੋਵੇਗਾ ਜਿਸ ਨੂੰ ਤੁਸੀਂ ਆਪਣੀ ਐਪਲੀਕੇਸ਼ਨ ਦੀ ਸਥਿਤੀ ਬਾਰੇ ਪਤਾ ਲਗਾਉਣ ਲਈ ISBO ਆਨਲਾਈਨ ਪਲੇਟਫਾਰਮ ਲਈ ਸਾਈਨ ਇਨ ਕਰਨ ਲਈ ਵੀ ਵਰਤੋਗੇ। ਅਸੀਂ ਇਸ ਦਾ ਜ਼ਿਕਰ ਤੁਹਾਡੇ "registered email address (ਰਜਿਸਟਰ ਕੀਤੇ ਈਮੇਲ ਪਤੇ)" ਵੱਜੋਂ ਕਰਦੇ ਹਾਂ
4	**ਈਮੇਲ ਪਤੇ ਦੀ ਪੁਸ਼ਟੀ ਕਰੋ**	ਉਸੇ ਈਮੇਲ ਪਤੇ ਨੂੰ ਦੁਬਾਰਾ ਦਰਜ ਕਰੋ। ਇਹ ਯਕੀਨੀ ਬਣਾਉਣ ਲਈ ਧਿਆਨਪੂਰਵਕ ਸਮੀਖਿਆ ਕਰੋ ਕਿ ਕੋਈ ਗ਼ਲਤੀਆਂ ਨਾ ਹੋਣ, ਅਤੇ ਇਹ ਪੁਸ਼ਟੀ ਕਰਨ ਲਈ ਵੀ ਕਿ #3 (ਉੱਪਰ) ਅਤੇ #4 (ਇੱਥੇ) ਲਈ ਵਰਤੇ ਗਏ ਈਮੇਲ ਪਤੇ ਮੇਲ ਖਾਂਦੇ ਹੋਣ। ਅਸੀਂ ਵੀ ਪੜਤਾਲ ਕਰਦੇ ਹਾਂ, ਇਸ ਲਈ ਜੇ ਉਹ ਇੱਕੋ ਨਹੀਂ ਹੁੰਦੇ ਤਾਂ ਤੁਸੀਂ ਤਰੁੱਟੀ ਵਾਲਾ ਸੰਦੇਸ਼ ਦੇਖੋਗੇ
5	**ਪਾਸਵਰਡ**	ਇੱਕ ਪਾਸਵਰਡ ਬਣਾਓ। ਇਹ ਉਹ ਪਾਸਵਰਡ ਹੋਵੇਗਾ ਜਿਸ ਦੀ ਵਰਤੋਂ ਤੁਸੀਂ ISBO ਆਨਲਾਈਨ ਪਲੇਟਫਾਰਮ ਲਈ ਸਾਈਨ ਇਨ ਕਰਨ ਲਈ ਕਰੋਗੇ। ਸੁਰੱਖਿਆ ਉਦੇਸ਼ਾਂ ਲਈ, ਅਸੀਂ ਕਹਿੰਦੇ ਹਨ ਕਿ ਇਸ ਵਿੱਚ ਲਾਜ਼ਮੀ ਤੌਰ 'ਤੇ ਘੱਟੋ-ਘੱਟ 8 ਵਰਣ ਸ਼ਾਮਲ ਹੋਣੇ ਚਾਹੀਦੇ ਹਨ, ਘੱਟੋ-ਘੱਟ 1 ਅੰਗਰੇਜ਼ੀ ਵਰਣਮਾਲਾ ਦਾ ਵੱਡਾ ਵਰਣ ਅਤੇ 1 ਵਿਸ਼ੇਸ਼ ਵਰਣ ਹੋਵੇ
6	**ਪਾਸਵਰਡ ਦੀ ਪੁਸ਼ਟੀ ਕਰੋ**	ਆਪਣਾ ਪਾਸਵਰਡ ਮੁੜ ਦਰਜ ਕਰੋ (ਜਿਵੇਂ ਕਿ ਉੱਪਰ #3 ਅਤੇ #4 ਲਈ ਵਰਤਿਆ ਪਾਸਵਰਡ)। ਇਹ ਯਕੀਨੀ ਬਣਾਉਣ ਲਈ ਧਿਆਨਪੂਰਵਕ ਸਮੀਖਿਆ ਕਰੋ ਕਿ ਕੋਈ ਗਲਤੀਆਂ ਨਾ ਹੋਣ, ਅਤੇ ਪੁਸ਼ਟੀ ਕਰੋ ਕਿ #5 (ਉੱਪਰ) ਅਤੇ #6 (ਇੱਥੇ) ਲਈ ਵਰਤਿਆ ਪਾਸਵਰਡ ਮੇਲ ਖਾਂਦਾ ਹੈ

ਪਾਸਪੋਰਟ ਦੇ ਵੇਰਵੇ

1	**ਪਾਸਪੋਰਟ ਨੰਬਰ**	ਆਪਣਾ ਪਾਸਪੋਰਟ ਨੰਬਰ ਦਾਖਲ ਕਰੋ
2	**ਪਾਸਪੋਰਟ ਜਾਰੀ ਕਰਨ ਦੀ ਤਾਰੀਖ਼**	ਆਪਣੇ ਪਾਸਪੋਰਟ 'ਤੇ ਜਾਰੀ ਕਰਨ ਦੀ ਮਿਤੀ ਚੁਣੋ। ਇਹ ਮਿਤੀ ਅੱਜ ਦੀ ਮਿਤੀ ਤੋਂ ਪਹਿਲਾਂ ਦੀ ਹੋਣੀ ਚਾਹੀਦੀ ਹੈ
3	**ਪਾਸਪੋਰਟ ਦੀ ਮਿਆਦ ਖਤਮ ਹੋਣ ਦੀ ਮਿਤੀ**	ਆਪਣੇ ਪਾਸਪੋਰਟ ਦੀ ਮਿਆਦ ਖਤਮ ਹੋਣ ਦੀ ਮਿਤੀ ਚੁਣੋ। ਇਹ ਮਿਤੀ ਅੱਜ ਦੀ ਮਿਤੀ ਤੋਂ ਬਾਅਦ ਦੀ ਹੋਣੀ ਚਾਹੀਦੀ ਹੈ
4	**ਜਾਰੀ ਕਰਨ ਵਾਲਾ ਦੇਸ਼**	ਉਹ ਦੇਸ਼ ਦਾਖਲ ਕਰੋ ਜਿੱਥੇ ਤੁਹਾਡਾ ਪਾਸਪੋਰਟ ਜਾਰੀ ਕੀਤਾ ਗਿਆ ਹੈ
5	**ਜਨਮ ਮਿਤੀ**	ਆਪਣੀ ਜਨਮ ਮਿਤੀ ਚੁਣੋ। ਐਪਲੀਕੇਸ਼ਨ ਜਮਾਂ ਕਰਨ ਲਈ ਤੁਹਾਡੀ ਉਮਰ 15 ਸਾਲ ਜਾਂ ਵੱਧ ਹੋਣੀ ਜ਼ਰੂਰੀ ਹੈ

ਰੈਫ਼ਰਲ ਦੇ ਵੇਰਵੇ

1	**ਰੈਫਰਲ ਦੀ ਕਿਸਮ**	ਇਹ ਪ੍ਰਸ਼ਨ ਤੁਹਾਨੂੰ ਇਸ ਬਾਰੇ ਪੁੱਛਦਾ ਹੈ ਕਿ ਤੁਸੀਂ ਸਾਡੇ ISBO ਬਾਰੇ ਕਿਵੇਂ ਸੁਣਿਆ ਸੀ – ਜੇ ਤੁਹਾਨੂੰ ਇੱਕ ਦੋਸਤ ਵੱਲੋਂ ਭੇਜਿਆ ਗਿਆ ਹੈ, ਤਾਂ ਤੁਸੀਂ ਦੋਵੇਂ $25 ਬੋਨਸ[8] ਪ੍ਰਾਪਤ ਕਰਨ ਲਈ ਯੋਗਤਾ ਪੂਰੀ ਕਰਦੇ ਹੋ।[8] ਜ਼ਿਆਦਾ ਵੇਰਵਿਆਂ ਲਈ cibc.com/isbo 'ਤੇ ਜਾਓ
2	**ਰੈਫ਼ਰਲ ਦੇ ਵੇਰਵੇ**	ਇਹ ਪ੍ਰਸ਼ਨ ਉਸ ਦੋਸਤ ਦੇ ਵੇਰਵਿਆਂ ਬਾਰੇ ਪੁੱਛਦਾ ਹੈ ਜਿਸ ਨੇ ਤੁਹਾਨੂੰ ISBO ਲਈ ਹਵਾਲਾ ਦਿੱਤਾ ਸੀ – ਜੇ ਇਹ ਤੁਹਾਡੇ 'ਤੇ ਲਾਗੂ ਨਹੀਂ ਹੁੰਦਾ, ਤਾਂ ਕਿਰਪਾ ਕਰਕੇ N/A (ਲਾਗੂ ਨਹੀਂ ਹੁੰਦਾ) ਦਰਜ ਕਰੋ

ਦੇਖੋ ਕਿ CIBC ਇੰਟਰਨੈਸ਼ਨਲ ਸਟੂਡੈਂਟ ਬੈਂਕਿੰਗ ਆਫਰ ਕੈਨੇਡਾ ਵਿੱਚ ਤੁਹਾਡੀ ਨਵੀਂ ਵਿਦਿਆਰਥੀ ਜ਼ਿੰਦਗੀ ਲਈ ਤੁਹਾਨੂੰ ਤਿਆਰ ਕਰਨ ਲਈ ਕਿਵੇਂ ਮਦਦ ਕਰ ਸਕਦਾ ਹੈ।

ਸੈਕਸ਼ਨ C: ਭੁਗਤਾਨ ਦਾ ਸਾਰ

1	ਇਹ ਯਕੀਨੀ ਬਣਾਉਣ ਲਈ ISBO ਆਨਲਾਈਨ ਪਲੇਟਫਾਰਮ ਉੱਤੇ **ਸਟੂਡੈਂਟ ਇਨਫਾਰਮੇਸ਼ਨ** ਭਾਗ ਵਿੱਚ ਦਿੱਤੇ ਸਾਰੇ ਵੇਰਵਿਆਂ ਦੀ ਸਮੀਖਿਆ ਕਰੋ ਕਿ ਸਭ ਕੁਝ ਸਹੀ ਹੈ। ਜੇ ਤੁਹਾਨੂੰ ਵੇਰਵੇ ਸਹੀ ਕਰਨ ਦੀ ਲੋੜ ਹੈ, ਤਾਂ ਕਿਰਪਾ ਕਰਕੇ ਸਕਰੋਲ ਡਾਊਨ ਕਰੋ ਅਤੇ "Edit (ਸੰਪਾਦਨ ਕਰੋ)" ਬਟਨ ਦੀ ਚੋਣ ਕਰੋ
2	ISBO ਪਲੇਟਫਾਰਮ ਉੱਤੇ **ਨਿਯਮ ਅਤੇ ਸ਼ਰਤਾਂ, ਡਿਪਾਜ਼ਿਟ ਅਕਾਊਂਟ, ਪ੍ਰਾਇਵੇਸੀ ਵੇਰਵਿਆਂ** ਅਤੇ **ਹੋਰ** ਸੈਕਸ਼ਨ ਦੀ ਧਿਆਨਪੂਰਵਕ ਸਮੀਖਿਆ ਕਰੋ (ਤੁਸੀਂ ਆਪਣੇ ਰਿਕਾਰਡਾਂ ਲਈ ਹਰੇਕ ਦੀਆਂ ਕਾਪੀਆਂ ਪ੍ਰਿੰਟ ਕਰਵਾਉਣ ਦੇ ਇੱਛੁਕ ਹੋ ਸਕਦੇ ਹੋ)। ਇਹ ਤੁਹਾਡੇ ਪ੍ਰੋਗਰਾਮ ਦੇ ਅਧਿਕਾਰਤ ਨਿਯਮ ਅਤੇ ਸ਼ਰਤਾਂ ਹਨ
3	ਜਦੋਂ ਤੁਸੀਂ ਵਿਸਥਾਰ ਵਿੱਚ ਇਨ੍ਹਾਂ ਦਸਤਾਵੇਜ਼ਾਂ ਨੂੰ ਪੜ੍ਹਨ ਦਾ ਕੰਮ ਪੂਰਾ ਕਰ ਲੈਂਦੇ ਹੋ ਅਤੇ ਜਦੋਂ ਤਿਆਰ ਹੋ ਜਾਂਦੇ ਹੋ, ਤਾਂ ਕਿਰਪਾ ਕਰਕੇ **ਸ਼ਰਤਾਂ, ਦਸਤਾਵੇਜ਼** ਅਤੇ **ਪ੍ਰਾਇਵੇਸੀ ਸਹਿਮਤੀ** ਦੇ ਉੱਪਰ ਚੈੱਕ ਬਾੱਕਸ "I agree (ਮੈਂ ਸਹਿਮਤ ਹਾਂ)" ਦੀ ਚੋਣ ਕਰੋ
4	ਜਦੋਂ ਤਿਆਰ ਹੋਵੇ, ਤਾਂ ਆਪਣੀ ਐਪਲੀਕੇਸ਼ਨ ਪੂਰੀ ਕਰਨ ਲਈ SUBMIT (ਜਮਾਂ ਕਰੋ) ਬਟਨ ਉੱਤੇ ਕਲਿੱਕ ਕਰੋ

ਮੁਬਾਰਕਾਂ! ਤੁਸੀਂ ਵਿਦੇਸ਼ ਵਿੱਚ ਆਪਣੀ ਪੜ੍ਹਾਈ ਕਰਨ ਲਈ ਇੱਕ ਕਦਮ ਹੋਰ ਨਜ਼ਦੀਕ ਹੋ!

ਮਹੱਤਵਪੂਰਨ ਟਿੱਪਣੀਆਂ

- ਜਦੋਂ ਤੁਸੀਂ ਆਪਣੀ ਐਪਲੀਕੇਸ਼ਨ ਜਮਾਂ ਕਰ ਦਿੰਦੇ ਹੋ, ਤਾਂ CIBC ਤੁਹਾਡਾ ਨਵਾਂ ਅਕਾਊਂਟ ਖੋਲ੍ਹਣ ਦੀ ਪ੍ਰਕਿਰਿਆ ਸ਼ੁਰੂ ਕਰੇਗਾ। ਤੁਸੀਂ ਆਪਣੇ ਰਜਿਸਟਰ ਕੀਤੇ ਈਮੇਲ ਪਤੇ ਅਤੇ ਤੁਹਾਡੇ ਵੱਲੋਂ ਬਣਾਏ ਪਾਸਵਰਡ ਨਾਲ ਸੁਰੱਖਿਅਤ ISBO ਪਲੇਟਫਰਮ ਲਈ ਸਾਈਨ ਆਨ ਕਰਕੇ ਆਨਲਾਈਨ ਐਪਲੀਕੇਸ਼ਨ ਬਾਰੇ ਪਤਾ ਲਗਾ ਸਕਦੇ ਹੋ
- CIBC ਤੁਹਾਡੀਆਂ ਭੁਗਤਾਨ ਹਦਾਇਤਾਂ ਦੀ ਪੁਸ਼ਟੀ ਕਰਨ ਲਈ ਈਮੇਲ ਜ਼ਰੀਏ 1 ਕੰਮਕਾਜੀ ਦਿਨ ਦੇ ਅੰਦਰ ਤੁਹਾਡੇ ਨਾਲ ਸੰਪਰਕ ਕਰੇਗਾ। ਹਦਾਇਤਾਂ ਵਿੱਚ ਤੁਹਾਡਾ ਨਵਾਂ ਬਣਾਇਆ CIBC ਬੈਂਕ ਅਕਾਊਂਟ ਨੰਬਰ ਵੀ ਸ਼ਾਮਲ ਹੋਵੇਗਾ (ਜਿਵੇਂ ਕਿ ਤੁਹਾਡੇ ਇੰਟਰਨੈਸ਼ਨਲ ਵਾਇਰ ਭੁਗਤਾਨ ਕਿੱਥੇ ਜਮਾਂ ਕਰਵਾਏ ਜਾਣਗੇ)
- ਇੰਟਰਨੈਸ਼ਨਲ ਵਾਇਰ ਟਰਾਂਸਫਰ ਲਾਜ਼ਮੀ ਤੌਰ 'ਤੇ ਭਾਰਤ, ਚੀਨ, ਵੀਅਤਨਾਮ ਜਾਂ ਫਿਲੀਪੀਨਜ਼ ਵਿੱਚ ਤੁਹਾਡੇ ਬੈਂਕ ਅਕਾਊਂਟ ਤੋਂ ਹੋਣੇ ਚਾਹੀਦੇ ਹਨ। ਤੁਹਾਡੇ ਕੈਨੇਡਾ ਪਹੁੰਚਣ ਅਤੇ ਆਪਣਾ ਅਕਾਊਂਟ ਕਾਰਜਸ਼ੀਲ ਬਣਾਉਣ ਤੱਕ ਸਿਰਫ ਇੱਕ ਇੰਟਰਨੈਸ਼ਨਲ ਵਾਇਰ ਟਰਾਂਸਫਰ ਦੀ ਆਗਿਆ ਹੈ। ਜੇ ਲੋੜ ਪੈਂਦੀ ਹੈ ਤਾਂ ਜਦੋਂ ਤੁਸੀਂ ਆਪਣੀ ਵਾਇਰ ਟਰਾਂਸਫਰ ਜਮਾਂ ਕਰਵਾ ਦਿੰਦੇ ਹੋ ਤਾਂ ISBO ਆਨਲਾਈਨ ਪਲੇਟਫਾਰਮ ਉੱਤੇ ਰਿਫੰਡਾਂ ਲਈ ਬੇਨਤੀ ਕੀਤੀ ਜਾ ਸਕਦੀ ਹੈ। ਅਸੀਂ ਤੁਹਾਡੇ ਤੋਂ ਪੁੱਛਾਂਗੇ ਕਿ ਤੁਹਾਨੂੰ ਰਿਫੰਡ ਦੀ ਲੋੜ ਕਿਉਂ ਹੈ, ਅਤੇ ਤੁਹਾਡੀ ਬੇਨਤੀ ਬਾਰੇ ਕੈਨੇਡੀਅਨ ਕਨਸੂਲੇਟ ਨੂੰ ਸੂਚਿਤ ਕਰਨ ਦੀ ਲੋੜ ਹੋਵੇਗੀ। ਰਿਫੰਡ ਦੀ ਪ੍ਰੋਸੈਸਿੰਗ ਫੀਸ ਪ੍ਰਤੀ ਲੈਣ-ਦੇਣ ਲਈ $20.00 ਹੈ

ਜੇ ਤੁਹਾਨੂੰ ਹੋਰ ਸਹਾਇਤਾ ਦੀ ਲੋੜ ਹੈ:

1. ਅਕਸਰ ਪੁੱਛੇ ਜਾਂਦੇ ਪ੍ਰਸ਼ਨਾਂ ਦੇ ਉੱਤਰ ਲਈ ISBO ਆਨਲਾਈਨ ਪਲੇਟਫਾਰਮ 'ਤੇ ਟੌਪ ਮੇਨਿਊ ਤੋਂ FAQs ਦੀ ਚੋਣ ਕਰੋ
2. mailbox.isbo@cibc.com 'ਤੇ ਪ੍ਰਸ਼ਨਾਂ ਦੇ ਨਾਲ ਸਾਨੂੰ ਸਿੱਧੀ ਈਮੇਲ ਕਰੋ

[1] CIBC ਸਟੂਡੈਂਟ GIC ਪ੍ਰੋਗਰਾਮ ਭਾਰਤ, ਚੀਨ, ਵੀਅਤਨਾਮ ਜਾਂ ਫਿਲੀਪੀਨਜ਼ ਦੇ ਵਿਦਿਆਰਥੀਆਂ ਲਈ ਉਪਲਬਧ ਹੈ। ਵਿਦਿਆਰਥੀ GIC ਪ੍ਰੋਗਰਾਮ ਵਿੱਚ ਭਰਤੀ ਹੋਣ ਲਈ CIBC ਵੱਲੋਂ ਪੇਸ਼ਕਸ਼ ਕੀਤੀ ਕਿਸੇ ਵੀ ਕਰੰਸੀ ਵਿੱਚ ਘੱਟ ਤੋਂ ਘੱਟ $10,000 CAD ਤੋਂ ਲੈ ਕੇ $20,000 CAD ਤੱਕ ਦੀ ਰਾਸ਼ੀ ਭੇਜ ਸਕਦੇ ਹਨ। GICs ਖਰੀਦਣ ਲਈ ਤੁਹਾਨੂੰ CIBC ਡਿਪਾਜ਼ਿਟ ਅਕਾਊਂਟ ਖੋਲ੍ਹਣ ਦੀ ਲੋੜ ਹੋਵੇਗੀ। [2] CIBC ਸਟੂਡੈਂਟ ਡਿਪੌਜ਼ਿਟ ਪ੍ਰੋਗਰਾਮ ਭਾਰਤ, ਚੀਨ, ਵੀਅਤਨਾਮ ਜਾਂ ਫਿਲੀਪੀਨਜ਼ ਦੇ ਵਿਦਿਆਰਥੀਆਂ ਲਈ ਉਪਲਬਧ ਹੈ। ਵਿਦਿਆਰਥੀ CIBC ਵਿਦਿਆਰਥੀ ਡਿਪੌਜ਼ਿਟ ਪ੍ਰੋਗਰਾਮ ਵਿੱਚ ਭਰਤੀ ਹੋਣ ਲਈ CIBC ਵੱਲੋਂ ਪੇਸ਼ਕਸ਼ ਕੀਤੀ ਕਿਸੇ ਵੀ ਕਰੰਸੀ ਵਿੱਚ ਘੱਟ ਤੋਂ ਘੱਟ $1,000 CAD ਤੋਂ ਲੈ ਕੇ $20,000 CAD ਤੱਕ ਦੀ ਰਾਸ਼ੀ ਭੇਜ ਸਕਦੇ ਹਨ। ਤੁਹਾਡੀ ਪਹੁੰਚਣ ਦੀ ਸੰਭਾਵੀ ਤਾਰੀਖ਼ ਤੁਹਾਡੀ ISBO ਐਪਲੀਕੇਸ਼ਨ ਜਮਾਂ ਕਰਨ ਦੀ ਤਾਰੀਖ਼ ਦੇ 365 ਦਿਨਾਂ (12 ਮਹੀਨਿਆਂ) ਅੰਦਰ ਹੋਣੀ ਚਾਹੀਦੀ ਹੈ। ਜੇ ਤੁਸੀਂ 365 ਦਿਨਾਂ ਤੋਂ ਬਾਅਦ ਪਹੁੰਚ ਰਹੇ ਹੋ, ਤਾਂ ਤੁਹਾਨੂੰ ਉਡੀਕ ਕਰਨ ਅਤੇ ਉਸ ਸਮੇਂ ਅਪਲਾਈ ਕਰਨ ਦੀ ਲੋੜ ਹੋਵੇਗੀ ਜਦੋਂ ਤੁਸੀਂ ਕੈਨੇਡਾ ਪਹੁੰਚਣ ਦੇ 365 ਦਿਨਾਂ ਦੇ ਸਮੇਂ ਅੰਦਰ ਆ ਜਾਂਦੇ ਹੋ। ISBO ਐਪਲੀਕੇਸ਼ਨ ਜਮਾਂ ਕਰਨ ਵਾਸਤੇ ਤੁਹਾਡੀ ਉਮਰ 15 ਸਾਲ ਜਾਂ ਵੱਧ ਹੋਣੀ ਜ਼ਰੂਰੀ ਹੈ। [3] CIBC ਸਾਰੀਆਂ ਵਿਕਸਿਤ ਬਜ਼ਾਰ ਮੁਦਰਾਵਾਂ ਅਤੇ ਚੋਣਵੀਆਂ ਵਿਕਾਸ ਬਾਜ਼ਾਰ ਮੁਦਰਾਵਾਂ ਤੱਕ ਪਹੁੰਚ ਪ੍ਰਦਾਨ ਕਰਦੀ ਹੈ। [4] CIBC ਵਿਦੇਸ਼ੀ ਮੁਦਰਾ ਪਰਿਵਰਤਨ ਦੀਆਂ ਦਰਾਂ ਲਾਗੂ ਹੁੰਦੀਆਂ ਹਨ। [5] ਸਿਰਫ ਯੋਗ ਕਾਰਡ। ਮਿਆਰੀ ਕ੍ਰੈਡਿਟ ਮਾਪਦੰਡ ਲਾਗੂ ਹੁੰਦਾ ਹੈ। [6] ਟ੍ਰਾਂਜੈਕਸ਼ਨ ਵਿੱਚ ਚੈੱਕ, ਪੈਸੇ ਕਢਾਉਣੇ, ਟ੍ਰਾਂਸਫਰ, ਪੂਰਵ-ਅਧਿਕਾਰਤ ਭੁਗਤਾਨ, ਬਿੱਲਾਂ ਦੇ ਭੁਗਤਾਨ (CIBC ਕ੍ਰੈਡਿਟ ਕਾਰਡ ਅਤੇ CIBC ਪਰਸਨਲ ਲਾਈਨਜ਼ ਆਫ ਕ੍ਰੈਡਿਟ ਸਮੇਤ) ਅਤੇ ਡੈਬਿਟ ਖਰੀਦਦਾਰੀਆਂ ਸ਼ਾਮਲ ਹਨ। ਸਾਰੇ ਅਕਾਊਂਟਾਂ ਲਈ, CIBC-ਬ੍ਰੈਂਡਡ ਕਰਜ਼ਿਆਂ ਲਈ ਤਬਾਦਲਾ (ਜਿਸ ਵਿੱਚ CIBC ਪਰਸਨਲ ਲਾਈਨਜ਼ ਆਫ਼ ਕ੍ਰੈਡਿਟ ਸ਼ਾਮਲ ਨਹੀਂ ਹੈ), ਮੋਰਗੇਜ ਅਤੇ ਨਿਵੇਸ਼ (ਰਜਿਸਟਰ ਕੀਤੇ ਅਤੇ ਰਜਿਸਟਰ ਨਾ ਹੋਣ ਵਾਲੇ) ਮੁਫ਼ਤ ਹਨ। ਹੋਰਨਾਂ ਫੀਸਾਂ (ਕਿਸੇ ਵੀ ਲੈਣ-ਦੇਣ ਦੀ ਫੀਸ ਤੋਂ ਇਲਾਵਾ) ਵਿੱਚ ਸ਼ਾਮਲ ਹਨ: ਗ਼ੈਰ- CIBC ਮਸ਼ੀਨਾਂ ਤੋਂ ਪੈਸੇ ਕੱਢਵਾਉਣੇ। ਇੰਟਰੈਕ ਈ-ਟਰਾਂਸਫਰ ਲੈਣ-ਦੇਣ (CIBC ਸਮਾਰਟ ਅਕਾਊਂਟਾਂ, ਉਹਨਾਂ ਗਾਹਕਾਂ ਦੇ CIBC ਪ੍ਰੀਮੀਅਰ ਸਰਵਿਸ ਅਕਾਊਂਟਾਂ ਅਤੇ CIBC ਐਡਵਾਂਟੇਜ ਫਾਰ ਯੂਥ, CIBC ਸਮਾਰਟ ਫਾਰ ਸਟੂਡੈਂਟਸ, CIBC ਸਮਾਰਟ ਫਾਰ ਸੀਨੀਅਰਜ਼ (CIBC ਸਮਾਰਟ ਅਕਾਊਂਟ 'ਤੇ) ਅਤੇ CIBC ਐਡਵਾਂਟੇਜ ਫਾਰ ਸਟੂਡੈਂਟਸ (CIBC ਐਵਰੀਡੇਅ ਚੈਕਿੰਗ ਅਕਾਊਂਟ 'ਤੇ) ਅਤੇ ਵਿਦੇਸ਼ੀ ਕਰੰਸੀ ਵਿੱਚ ਲੈਣ-ਦੇਣਾਂ ਲਈ ਭਰਤੀ ਗਾਹਕਾਂ ਲਈ (ਅਕਾਊਂਟ ਕਰੰਸੀ ਤੋਂ ਇਲਾਵਾ ਹੋਰਨਾਂ ਕਰੰਸੀਆਂ ਵਿੱਚ ਲਿਖੇ ਚੈੱਕ ਵੀ ਸ਼ਾਮਲ ਹਨ)। [7] ਭਾਗ ਲੈਣ ਵਾਲੀਆਂ ਵਿੱਤੀ ਸੰਸਥਾਵਾਂ ਨਾਲ ਉਪਲਬਧ ਹੈ। [8] ਨਿਯਮ ਅਤੇ ਸ਼ਰਤਾਂ ਲਾਗੂ। ਹੋਰ ਵੇਰਵਿਆਂ ਲਈ ਕਿਰਪਾ ਕਰਕੇ www.cibc.com/isbo 'ਤੇ ਜਾਓ। ਉਤਪਾਦ ਅਤੇ ਉਹਨਾਂ ਦੀਆਂ ਵਿਸ਼ੇਸ਼ਤਾਵਾਂ ਕਿਸੇ ਵੀ ਸਮੇਂ ਬਦਲ ਸਕਦੀਆਂ ਹਨ।

CIBC ਕੈਪੀਟਲ ਮਾਰਕਿਟਸ ਟ੍ਰੇਡਮਾਰਕ ਬ੍ਰੈਂਡ ਨਾਮ ਹੈ ਜਿਸ ਦੇ ਤਹਿਤ ਵੱਖ-ਵੱਖ ਕਾਨੂੰਨੀ ਸੰਸਥਾਵਾਂ ਵੱਖ-ਵੱਖ ਸੇਵਾਵਾਂ ਮੁਹੱਈਆ ਕਰਵਾਉਂਦੀਆਂ ਹਨ। ਕੈਨੇਡੀਅਨ ਇੰਪੀਰੀਅਲ ਬੈਂਕ ਆਫ਼ ਕਾਮਰਸ ਵੱਲੋਂ ਪੇਸ਼ ਕੀਤੇ ਜਾਂਦੇ ਪ੍ਰੋਡਕਟ (ਉਤਪਾਦ) ਅਤੇ/ਜਾਂ ਸੇਵਾਵਾਂ ਵਿੱਚ ਕਾਰਪੋਰੇਟ ਲੈਂਡਿੰਗ ਸੇਵਾਵਾਂ, ਵਿਦੇਸ਼ੀ ਮੁਦਰਾ, ਮਨੀ ਮਾਰਕਿਟ ਇੰਸਟਰੂਮੈਂਟ, ਸਟਰੱਕਚਰਡ ਨੋਟਸ, ਵਿਆਜ ਦਰ ਵਾਲੇ ਪ੍ਰੋਡਕਟ ਅਤੇ OTC ਡੈਰੀਵੇਟਵਜ਼ ਸ਼ਾਮਲ ਹਨ। CIBC ਦਾ ਵਿਦੇਸ਼ੀ ਮੁਦਰਾ ਦੇ ਖੁਲਾਸੇ ਬਾਰੇ ਬਿਆਨ, ਜੋ FX ਗਲੋਬਲ ਕੋਡ ਵਿੱਚ ਸ਼ਾਮਲ ਦਿਸ਼ਾ-ਨਿਰਦੇਸ਼ਾਂ ਨਾਲ ਸਬੰਧਤ ਹੈ, www.cibccm.com/fxdisclosure 'ਤੇ ਦੇਖਿਆ ਜਾ ਸਕਦਾ ਹੈ। ਹੋਰ ਪ੍ਰੋਡਕਟ ਅਤੇ ਸੇਵਾਵਾਂ, ਜਿਵੇਂ ਕਿ ਐਕਸਚੇਂਜ-ਟ੍ਰੇਡਡ ਇਕੁਇਟੀ ਅਤੇ ਇਕੁਇਟੀ ਵਿਕਲਪ, ਫਿਕਸਡ ਇਨਕਮ ਸਕਿਊਰਿਟੀਜ਼ ਅਤੇ ਕੈਨੇਡੀਅਨ ਸਕਿਊਰਿਟੀਜ਼ ਦੇ ਭਵਿੱਖ ਦੀ ਤਾਮੀਲ, ਦੀ ਪੇਸ਼ਕਸ਼ CIBC ਦੀਆਂ ਸਿੱਧੀਆਂ ਜਾਂ ਅਸਿੱਧੀਆਂ ਸਹਾਇਕ ਕੰਪਨੀਆਂ ਵੱਲੋਂ ਕੀਤੀ ਜਾਂਦੀ ਹੈ ਜਿਵੇਂ ਕਿ ਹੇਠਾਂ ਦੱਸਿਆ ਗਿਆ ਹੈ। CIBC ਵਰਲਡਜ਼ ਮਾਰਕਿਟਸ ਇੰਕ. ਕੈਨੇਡੀਅਨ ਇਨਵੈਸਟਰ ਪ੍ਰੋਟੈਕਸ਼ਨ ਫੰਡ ਅਤੇ ਇਨਵੈਸਟਮੈਂਟ ਰੈਗੂਲੇਟਰੀ ਆਰਗੇਨਾਈਜੇਸ਼ਨ ਆਫ਼ ਕੈਨੈਡਾ ਦੀ ਮੈਂਬਰ ਹੈ। ਅਮਰੀਕਾ ਵਿੱਚ, CIBC ਵਰਲਡ ਮਾਰਕਿਟ ਕਾਰਪੋ. ਫਾਇਨੈਂਸ਼ੀਅਲ ਇੰਸਟਸਟਰੀ ਰੈਗੂਲੇਟਰੀ ਅਥਾਰਟੀ ਅਤੇ ਸਕਿਊਰਿਟੀਜ਼ ਇਨਵੈਸਟਰ ਪ੍ਰੋਟੈਕਸ਼ਨ ਫੰਡ ਦੀ ਮੈਂਬਰ ਹੈ। CIBC ਵਰਲਡ ਮਾਰਕਿਟਸ ਪੀ.ਐੱਲ.ਸੀ. ਨੂੰ ਪ੍ਰੋਡੈਂਸ਼ੀਅਲ ਰੈਗੂਲੇਸ਼ਨ ਅਥਾਰਟੀ ਵੱਲੋਂ ਅਧਿਕਾਰ ਪ੍ਰਾਪਤ ਹੈ ਅਤੇ ਫਾਇਨੈਂਸ਼ੀਅਲ ਕੰਡਕਟ ਅਥਾਰਟੀ ਅਤੇ ਪ੍ਰੋਡੈਂਸ਼ੀਅਲ ਰੈਗੂਲੇਸ਼ਨ ਅਥਾਰਟੀ ਦੁਆਰਾ ਨਿਯੰਤ੍ਰਿਤ ਹੈ।

CIBC ਵਰਲਡ ਮਾਰਕਿਟਸ ਸਕਿਊਰਿਟੀਜ਼ ਆਇਰਲੈਂਡ ਲਿਮਿਟਡ ਸੈਂਟਰਲ ਬੈਂਕ ਆਫ਼ ਆਇਰਲੈਂਡ ਵੱਲੋਂ ਨਿਯੰਤ੍ਰਿਤ ਹੈ। ਕੈਨੇਡੀਅਨ ਇੰਪੀਰੀਅਲ ਬੈਂਕ ਆਫ਼ ਕਾਮਰਸ, ਸਿਡਨੀ ਬ੍ਰਾਂਚ (ABN: 33 608 235 847), ਆਸਟ੍ਰੇਲੀਅਨ ਪ੍ਰੋਡੈਂਸ਼ੀਅਲ ਰੈਗੂਲੇਸ਼ਨ ਅਥਾਰਟੀ (APRA) ਵੱਲੋਂ ਨਿਯੰਤ੍ਰਿਤ ਇੱਕ ਅਧਿਕਾਰਤ ਵਿਦੇਸ਼ੀ ਬੈਂਕ ਸ਼ਾਖਾ ਹੈ। CIBC ਆਸਟਰੇਲੀਆ ਲਿਮ. (AFSL ਨੰ.: 240603) ਆਸਟਰੇਲੀਅਨ ਸਕਿਊਰਿਟੀਜ਼ ਐਂਡ ਇਨਵੈਸਟਮੈਂਟ ਕਮਿਸ਼ਨ ("ASIC") ਵੱਲੋਂ ਨਿਯੰਤ੍ਰਿਤ ਹੈ। CIBC ਵਰਲਡ ਮਾਰਕਿਟਸ (ਜਪਾਨ) ਇੰਕ. ਜੈਪਨੀਜ਼ ਸਕਿਊਰਿਟੀਜ਼ ਡੀਲਰ ਐਸੋਸੀਏਸ਼ਨ ਦਾ ਇੱਕ ਮੈਂਬਰ ਹੈ। ਕੈਨੇਡੀਅਨ ਇੰਪੀਰੀਅਲ ਬੈਂਕ ਆਫ਼ ਕਾਮਰਸ, ਹੌਂਗ ਕੌਂਗ ਬਰਾਂਚ, ਸਕਿਊਰਿਟੀਜ਼ ਅਤੇ ਫਿਊਚਰਜ਼ ਆਰਡੀਨੈਂਸ ਕੈਪ 571 ਦਾ ਰਜਿਸਟਰ ਇੰਸਟੀਚਿਊਸ਼ਨ ਹੈ। ਕੈਨੇਡੀਅਨ ਇੰਪੀਰੀਅਲ ਬੈਂਕ ਆਫ਼ ਕਾਮਰਸ, ਸਿੰਗਾਪੁਰ ਬਰਾਂਚ, ਇੱਕ ਆਫ਼ਸ਼ੋਰ ਬੈਂਕ ਹੈ ਜੋ ਮੋਨੇਟਰੀ ਅਥਾਰਟੀ ਆਫ਼ ਸਿੰਗਾਪੁਰ ਵੱਲੋਂ ਲਾਇਸੈਂਸਪ੍ਰਾਪਤ ਅਤੇ ਇਸ ਵੱਲੋਂ ਨਿਯੰਤ੍ਰਿਤ ਹੈ।

ਇੰਟਰੈਕ ਅਤੇ ਇੰਟਰੈਕ ਈ-ਟਰਾਂਸਫਰ, ਇੰਟਰੈਕ ਇੰਕ. ਦੇ ਰਜਿਸਟਰਡ ਵਪਾਰਕ ਚਿੰਨ੍ਹ ਹਨ। ਲਾਇਸੈਂਸ ਦੇ ਅੰਦਰ ਵਰਤੇ ਜਾਂਦੇ ਹਨ। CIBC Smart™ ਅਕਾਊਂਟ ਫਾਰ ਸਟੂਡੈਂਟਸ CIBC ਜਾਂ ਇਸ ਦੀਆਂ ਸਹਾਇਕ ਕੰਪਨੀਆਂ ਦਾ ਟ੍ਰੇਡਮਾਰਕ ਹੈ। CIBC ਕੈਪੀਟਲ ਮਾਰਕਿਟਸ ਅਤੇ CIBC ਕਿਊਬ ਡਿਜ਼ਾਇਨ CIBC ਦੇ ਟ੍ਰੇਡਮਾਰਕ ਹਨ, ਜਿਨ੍ਹਾਂ ਨੂੰ ਲਾਇਸੈਂਸ ਤਹਿਤ ਵਰਤਿਆ ਜਾਂਦਾ ਹੈ।